# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)।
3. ਸਮੂਹ ਡੀ.ਆਰ.ਪੀ.(ਟੈਕਸਟ ਬੁੱਕ) (ਵੈੱਬ-ਸਾਈਟ ਰਾਹੀਂ)।
4. ਸਮੂਹ ਬੀ.ਆਰ.ਪੀ.(ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2010/76393-76445
ਮਿਤੀ,ਚੰਡੀਗੜ੍ਹ 21-12-2010

ਵਿਸ਼ਾ :- ਮਹੀਨਾਵਾਰ ਪ੍ਰੀਖਿਆ ਪੱਤਰਾਂ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਫੀਲਡ ਵਿੱਚੋਂ ਆਈ ਮੰਗ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹ ਗੱਲ ਸਾਹਮਣੇ ਆਈ ਹੈ ਕਿ ਫੀਲਡ ਵਿੱਚ ਪ੍ਰਾਪਤ ਹੋ ਰਹੇ ਮਹੀਨਾਵਾਰ ਟੈਸਟਾਂ ਦੇ ਪ੍ਰਸ਼ਨ ਪੱਤਰ ਸਕੂਲਾਂ ਨੂੰ ਖੁੱਲ੍ਹੇ ਹੋਏ ਪੈਕਟ ਵਿੱਚ ਵੰਡ ਜਾ ਰਹੇ ਹਨ ਜੋ ਕਿ ਨਿਯਮਾਂ ਦੀ ਉਲੰਘਣਾ ਹੈ। ਜਦੋਂ ਕਿ ਹੈੱਡ ਆਫ਼ਿਸ ਹਮੇਸ਼ਾ ਤੋਂ ਪ੍ਰਸ਼ਨ ਪੱਤਰਾਂ ਦੇ ਪੈਕਟਾਂ ਵਿੱਚ ਫੀਡਲ ਤੋਂ ਆਈ ਗਿਣਤੀ ਮੁਤਾਬਿਕ ਸੀਲਡ ਪੈਕਟਾਂ ਵਿੱਚ ਭੇਜੇ ਜਾਂਦੇ ਹਨ।

3.0 ਇਸ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਜ਼ਿਲ੍ਹੇ ਦੇ ਸਮੂਹ ਡੀ.ਆਰ. ਡੀ.(ਟੈਕਸਟ ਬੁੱਕ) ਅਤੇ ਸਮੂਹ ਡੀ.ਆਰ.ਪ੍ਰੀ ਨੂੰ ਹਦਾਇਤ ਕੀਤੀ ਜਾਵੇ ਕਿ ਜੇਕਰ ਪ੍ਰਿੰਟਰ ਵੱਲੋਂ ਸੀਲਡ ਪੈਕਟ ਨਹੀਂ ਭੇਜੇ ਜਾ ਰਹੇ ਤਾਂ ਤੁਰੰਤ ਇਸ ਦੀ ਹੈੱਡ ਆਫ਼ਿਸ ਨੂੰ ਫੋਨ ਤੇ ਸੂਚਨਾ ਦਿੱਤੀ ਜਾਵੇ। ਇਸ ਤੋਂ ਇਲਾਵਾ ਜੇਕਰ ਬੀ. ਆਰ.ਪੀ.ਵੱਲੋਂ ਪੇਪਰਾਂ ਦੇ ਪੈਕਟ ਖੋਲ੍ਹ ਕੇ ਸਕੂਲਾਂ ਤੱਕ ਪਹੁੰਚਾਏ ਜਾ ਰਹੇ ਹਨ ਤਾਂ ਇਸ ਦੀ ਸੂਚਨਾ ਵੀ ਤੁਰੰਤ ਫੋਨ ਨੰ: 9888028002 ਤੇ ਦਿੱਤੀ ਜਾਵੇ ਅਤੇ ਕਿਸੇ ਵੀ ਸੂਰਤ ਵਿੱਚ ਪ੍ਰਸ਼ਨ ਪੱਤਰਾਂ ਦਾ ਖੁੱਲ੍ਹਾ ਲਿਫਾਫਾ ਸਕੂਲਾਂ ਨੂੰ ਰਸੀਵ ਨਾ ਕਰਵਾਇਆ ਜਾਵੇ।

4.0 ਸਮੂਹ ਡੀ.ਆਰ.ਪੀ.ਨੂੰ ਹਦਾਇਤ ਕੀਤੀ ਜਾਂਦੀ ਕਿ ਉਹ ਪ੍ਰਸ਼ਨ ਪੱਤਰਾਂ ਦੇ ਸੀਲਡ ਲਿਫਾਫਿਆਂ ਦੀ ਗਿਣਤੀ ਮੁਤਾਬਿਕ ਸਕੂਲ ਮੁੱਖੀ ਤੋਂ ਨਿੱਜੀ ਤੌਰ ਤੇ

ਚਲਦਾ ਪੰਨਾ ..............

ਰਸੀਵ ਕਰਵਾਏ ਤਾਂ ਜੋ ਪ੍ਰਸ਼ਨ ਪੱਤਰਾਂ ਦੀ ਵੰਡਾਈ ਵਿੱਚ ਕੋਈ ਵੀ ਕੁਤਾਹੀ ਨਾ ਹੋਵੇ ਅਤੇ ਮਹੀਨਾਵਾਰ ਟੈਸਟ ਲੈਣ ਦਾ ਮੰਤਵ ਪੂਰਾ ਹੋ ਸਕੇ।

7.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਪਿਠਅੰਕਣ ਨੰ:ਸਸਅ/ਐਮਸੀ/2010/76446 ਮਿਤੀ,ਚੰਡੀਗੜ੍ਹ 21-12-2010

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਸਮੂਹ ਸਕੂਲ ਮੁੱਖੀਆਂ ਨੂੰ (ਵੈੱਬ-ਸਾਈਟ ਰਾਹੀਂ) ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਉਪਰੋਕਤ ਹਦਾਇਤਾਂ ਦੀ ਉਲੰਘਣਾ ਡੀ.ਆਰ.ਪੀ./ਬੀ.ਆਰ.ਪੀ.ਵੱਲੋਂ ਕੀਤੀ ਜਾਂਦੀ ਹੈ ਤਾਂ ਇਸ ਦੀ ਸੂਚਨਾ ਸੀਧੇ ਹੀ ਉਕਤ ਫੋਨ ਨੰ: 9888028002 ਤੇ ਦਿੱਤੀ ਜਾਵੇ। ਜੇਕਰ ਸਕੂਲ ਮੁੱਖੀ ਨੂੰ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਪ੍ਰਸ਼ਨ ਪੱਤਰ ਨਹੀਂ ਮਿਲਦੇ ਤਾਂ ਉਹਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਿਭਾਗ ਦੀ ਵੈੱਬ-ਸਾਈਟ ਤੋਂ ਡਾਊਨ-ਡੋਲ ਕਰ ਸਕਦੇ ਹਨ ਕਿਉਂਕਿ ਪੇਪਰ ਵਾਲੇ ਦਿਨ ਚਾਰ ਮੁੱਖ ਵਿਸ਼ਿਆਂ ਦੇ ਪੇਪਰ ਵੈੱਬ-ਸਾਈਟ ਤੇ ਲੋਡ ਕਰ ਦਿੱਤੇ ਜਾਂਦੇ ਹਨ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ